ਵੱਚ ਤਬਦੀਲ ਕਰ ਦਿੱਤਾ ਗਿਆ ਹੈ। ਜੇਕਰ ਕਰਮਚਾਰੀ ਵਲੋਂ ਦਿੱਤੀ ਆਪਸਨ ਅਨੁਸਾਰ ਉਸ ਕੇਡਰ ਵਿੱਚ ਅਸਾਮੀ ਖਾਲੀ ਨਹੀਂ ਹੈ ਤਾਂ ਜਿਸ ਕੇਡਰ ਵਿੱਚ ਅਸਾਮੀ ਖਾਲੀ ਹੈ, ਉਸਨੂੰ ਉਸ ਕੇਡਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

4. ਜਿਹਨਾਂ ਕਰਮਚਾਰੀਆਂ ਵਲੋਂ ਕੋਈ ਆਪਸਨ ਨਹੀਂ ਦਿੱਤੀ ਗਈ ਹੈ, ਉਹਨਾਂ ਕਰਮਚਾਰੀਆਂ ਨੂੰ ਉਸੇ ਕੇਡਰ ਵਿੱਚ ਹੀ ਰੱਖਿਆ ਗਿਆ ਹੈ, ਜੇਕਰ ਕਿਸੇ ਕੇਡਰ ਵਿੱਚ ਕਰਮਚਾਰੀਆਂ ਦੀ ਗਿਣਤੀ ਮੰਨਜੂਰਸ਼ੁਦਾ ਅਸਾਮੀ ਤੋਂ ਵੱਧ ਹੈ ਤਾਂ ਉਸ ਕੇਡਰ ਦੇ ਜੂਨੀਅਰ ਕਰਮਚਾਰੀਆਂ ਨੂੰ ਦੂਜੇ ਕੇਡਰ ਵਿੱਚ ਖਾਲੀ ਪਈਆਂ ਅਸਾਮੀਆਂ ਦੇ ਵਿਰੁੱਧ ਸੀਨੀਅਰਤਾ ਅਨੁਸਾਰ ਪ੍ਰਬੰਧਕੀ ਅਧਾਰ ਤੇ ਸਾਮਲ ਕੀਤਾ ਗਿਆ ਹੈ।

5. ਉਪਰੋਕਤ ਲਏ ਫੈਸਲੇ ਅਨੁਸਾਰ ਜਿਲਾ ਕੇਡਰ ਦੇ 7218 ਅਤੇ ਆਰਮਡ ਕੇਡਰ ਦੇ 3725 ਕਰਮਚਾਰੀਆਂ ਦੀ ਸੂਚੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਅਧੀਨ ਤਾਇਨਾਤ ਕਰਮਚਾਰੀਆਂ ਨੂੰ ਇਸ ਸਬੰਧ ਵਿੱਚ ਨੋਟ ਕਰਵਾਇਆ ਜਾਵੇ ਅਤੇ ਸਬੰਧਤ ਕਰਮਚਾਰੀਆਂ ਪਾਸੋਂ ਇਸ ਸਬੰਧੀ ਲਿਖਤੀ ਤੋਰ ਤੇ ਪੁੱਛਿਆ ਜਾਵੇ ਕਿ ਉਹਨਾਂ ਨੂੰ ਇਸ ਵੰਡ ਸਬੰਧੀ ਕੋਈ ਇਤਰਾਜ ਹੈ ਜਾਂ ਨਹੀਂ। ਜੇਕਰ ਇਸ ਵੰਡ ਸਬੰਧੀ ਕਿਸੇ ਕਰਮਚਾਰੀ ਨੂੰ ਇਤਰਾਜ ਹੈ ਤਾਂ 15 ਦਿਨ ਦੇ ਅੰਦਰ-ਅੰਦਰ ਹਾਸਲ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

ਡੀ.ਆਈ.ਜੀ/ਪ੍ਰਸਾਸਨ,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰ: /ਈ-1(5) ਮਿਤੀ:-

ਉਪਰੋਕਤ ਦਾ ਉਤਾਰਾ ਸਮੇਤ ਜਿਲਾ ਕੇਡਰ ਦੇ 7218 ਅਤੇ ਆਰਮਡ ਕੇਡਰ ਦੇ 3725 ਕਰਮਚਾਰੀਆਂ ਦੀ ਸੂਚੀ, ਇੰਚਾਰਜ, ਪੰਜਾਬ ਪੁਲਿਸ ਵੈਬਸਾਇਟ ਨੂੰ ਪੰਜਾਬ ਪੁਲਿਸ ਵੈੱਬਸਾਇਟ ਤੇ ਅੱਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਡੀ.ਆਈ.ਜੀ/ਪ੍ਰਸਾਸਨ,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।